ਜਦੋਂ ਰਸੂਲੁੱਲਾਹ صلى الله عليه وسلم ਰੁਕੂ ਤੋਂ ਆਪਣੀ ਪਿੱਠ ਨੂੰ ਉਠਾਉਂਦੇ, ਤਾਂ ਇਹ ਫਰਮਾਂਦੇ: "ਸਮੀਅ ਅੱਲਾਹੁ ਲਿਮਨ ਹਾਮਿਦਾਹ

ਇਬਨੁ ਅਬੀ ਔਫਾ ਰਜ਼ੀਅੱਲਾਹੁ ਅਨਹੁ ਤੋਂ ਰਿਵਾਇਤ ਹੈ, ਉਹ ਕਹਿੰਦੇ ਹਨ: ਜਦੋਂ ਰਸੂਲੁੱਲਾਹ صلى الله عليه وسلم ਰੁਕੂ
ਤੋਂ ਆਪਣੀ ਪਿੱਠ ਨੂੰ ਉਠਾਉਂਦੇ, ਤਾਂ ਇਹ ਫਰਮਾਂਦੇ: "ਸਮੀਅ ਅੱਲਾਹੁ ਲਿਮਨ ਹਾਮਿਦਾਹ ،– ਅੱਲਾਹ ਨੇ
ਸੁਣਿਆ ਉਸ ਨੂੰ ਜੋ ਉਸ ਦੀ ਹਮਦ ਕਰੇ।ਅੱਲਾਹੁੱਮਮਾ ਰੱਬਨਾ ਲਕਲ-ਹਮਦ – ਹੈ ਅੱਲਾਹ! ਸਾਡੇ ਪਰਵਰਦਿਗਾਰ! ਸਾਰੀ ਤਾਰੀਫ਼ ਤੇਰਾ ਹੀ ਹੱਕ ਹੈ,ਆਸਮਾਨਾਂ ਦੀ ਭਰਪੂਰੀ ਤਕ, ਜ਼ਮੀਨ ਦੀ ਭਰਪੂਰੀ ਤਕ, ਅਤੇ ਉਹ ਸਭ ਕੁਝ
ਜੋ ਤੂੰ ਚਾਹੇ, ਉਸ ਦੀ ਭਰਪੂਰੀ ਤਕ।" [صحيح] [رواه مسلم]

ਨਬੀ ਕਰੀਮ صلى الله عليه وسلم ਜਦੋਂ ਨਮਾਜ਼ ਵਿੱਚ ਰੁਕੂ ਤੋਂ ਆਪਣੀ ਪਿੱਠ ਉਠਾਉਂਦੇ, ਤਾਂ ਇਹ ਫਰਮਾਂਦੇ:"ਸਮੀਅ ਅੱਲਾਹੁ ਲਿਮਨ ਹਾਮਿਦਾਹ" – ਜਿਸ ਦਾ ਮਤਲਬ ਹੈ: "ਅੱਲਾਹ ਉਸ ਦੀ ਸੁਣਦਾ ਹੈ ਜੋ ਉਸ ਦੀ ਹਮਦ ਕਰਦਾ ਹੈ",ਇਹ ਹੈ ਕਿ ਜੋ ਅੱਲਾਹ ਦੀ ਸਚੀ ਦਿਲੋਂ ਸਿਫ਼ਤ ਕਰੇ, ਅੱਲਾਹ ਉਸਦੀ ਦੁਆ ਕਬੂਲ ਕਰਦਾ ਹੈ, ਉਸਦੀ ਹਮਦ ਨੂੰ ਪਸੰਦ ਕਰਦਾ ਹੈ ਅਤੇ ਉਸ ਨੂੰ ਇਨਾਮ ਦਿੰਦਾ ਹੈ।ਇਸ ਤੋਂ ਬਾਅਦ ਨਬੀ صلى الله عليه وسلم ਅੱਗੇ ਤਾਰੀਫ਼ ਕਰਦੇ ਹੋਏ ਇਹ ਫਰਮਾਂਦੇ:ਅੱਲਾਹੁੱਮਮਾ ਰੱਬਨਾ ਲਕਲ-ਹਮਦ, ਮਿਲਅੱਸ-ਸਮਾਵਾਤਿ, ਵ ਮਿਲਅਲ-ਅਰਜ਼ਿ, ਵ ਮਿਲਅ ਮਾ ਸ਼ਿਏਤ ਮਿਨ ਸ਼ੈਇਂ ਬਅਦੁ۔)ਹੈ ਅੱਲਾਹ! ਸਾਡੇ ਰੱਬ! ਤੈਥੋਂ ਹੀ ਸਾਰੀ ਤਾਰੀਫ਼ ਹੈ — ਆਸਮਾਨਾਂ ਦੀ ਭਰਪੂਰੀ ਤਕ, ਜ਼ਮੀਨਾਂ ਦੀ ਭਰਪੂਰੀ ਤਕ, ਅਤੇ ਹਰ ਉਸ ਚੀਜ਼ ਦੀ ਭਰਪੂਰੀ ਤਕ ਜੋ ਤੂੰ ਚਾਹੇ ਉਸ ਤੋਂ ਅਗੇ)। ਇਹ ਇਕ ਐਸਾ ਹਮਦ ਹੈ ਜੋ ਸਾਰੇ ਆਸਮਾਨ, ਜ਼ਮੀਨ ਅਤੇ ਜੋ ਕੁਝ ਵੀ ਉਨ੍ਹਾਂ ਦੇ ਦਰਮਿਆਨ ਹੈ — ਸਭ ਕੁਝ ਨੂੰ ਘੇਰ ਲੈਂਦਾ ਹੈ।

https://sunnah.global/hadeeth/pa/show/65101